# ਪਰਮਾਤਮਾ ਦਾ ਕੁੱਤਾ

(**ਮੋਹਨ ਰਾਕੇਸ਼** ਦੀ ਕਹਾਣੀ *ਰੱਬ ਦਾ ਕੁੱਤਾ* 'ਤੇ ਆਧਾਰਿਤ)

(ਨਾਟਕ ਸ਼ੁਰੂ ਹੋਣ 'ਤੇ ਸ਼ਰਨਾਰਥੀਆਂ ਦੇ ਇਕ ਕਾਫ਼ਲੇ ਦਾ ਦ੍ਰਿਸ਼–ਅੰਮ੍ਰਿਤਾ ਪ੍ਰੀਤਮ ਦੀ ਪ੍ਰਸਿੱਧ ਕਵਿਤਾ ਪਿਛੋਕੜ ਤੋਂ ਗਾਈ ਜਾ ਰਹੀ ਹੈ।)

ਨੋਟ : Train to Pakistan ਫ਼ਿਲਮ ਵਿਚੋਂ ਇਹ Tape ਲਈ ਜਾ ਸਕਦੀ ਹੈ, ਸ਼ਰਨਾਰਥੀ ਇਕ ਕਾਫਲੇ ਦੀ ਸ਼ਕਲ ਵਿਚ ਹੌਲੇ ਹੌਲੇ ਤੁਰਦੇ ਰਹੇ ਹਨ ਤੇ ਫੇਰ ਸੈਂਟਰ ਵਿਚ ਟੋਲੀਆਂ ਬਣਾਕੇ ਬੈਠ ਜਾਂਦੇ ਹਨ। ਇਕ ਸਰਕਾਰੀ ਮੁਨਾਦੀ ਉਹਨਾਂ ਦਾ ਧਿਆਨ ਖਿਚਦੀ ਹੈ।)

ਮੁਨਾਦੀ : ਦੇਖੋ ਲੋਕੋ, ਸਾਰੇ ਧਿਆਨ ਨਾਲ ਸੁਣੋ – ਪਾਕਿਸਤਾਨ ਤੋਂ ਉੱਜੜਕੇ ਆਏ ਸ਼ਰਨਾਰਥੀਆਂ ਨੂੰ ਮੁੜ ਵਸਾਉਣ ਲਈ ਸਰਕਾਰ ਨੇ ਵੱਡੇ ਪੈਮਾਨੇ 'ਤੇ ਇਕ ਪ੍ਰਾਜੈਕਟ ਆਪਣੇ ਹੱਥਾਂ ਵਿਚ ਲਿਆ ਹੈ... .. ਇਹ ਸਾਫ ਹੈ ਕਿ ਜੋ ਲੋਕ ਉਜੜਕੇ ਆਏ ਹਨ, ਉਹ ਸਾਰੇ ਪੂਰਬੀ ਪੰਜਾਬ ਵਿਚ ਨਹੀਂ ਵਸਾਏ ਜਾ ਸਕਦੇ। ਵੱਡੀ ਗਿਣਤੀ ਵਿਚ ਲੋਕ ਦਿੱਲੀ ਰਾਜਧਾਨੀ ਵਿਚ ਪੁੱਜ ਰਹੇ ਹਨ... ਉਹਨਾਂ ਬਾਰੇ ਪ੍ਰਧਾਨ ਮੰਤਰੀ ਜੀ ਨੇ ਆਪਣੀ ਕੈਬਨਿਟ ਵਿਚ ਸਲਾਹ ਕਰਕੇ ਇਹ ਫੈਸਲਾ ਕੀਤਾ ਹੈ ਕਿ ਦਿੱਲੀ ਪੁੱਜ ਰਹੇ ਸ਼ਰਨਾਰਥੀਆਂ ਨੂੰ ਕਿੰਗਜ਼ ਵੇ ਕੈਂਪ ਵਿਚ ਆਰਜ਼ੀ ਪਨਾਹ ਦਿੱਤੀ ਜਾਵੇਗੀ। ਕਿੰਗਜ਼ ਵੇ ਕੈਂਪ ਫੌਜੀਆਂ ਤੋਂ ਖਾਲੀ ਕਰਵਾਇਆ ਗਿਆ ਹੈ। ਵੱਡੀ ਗਿਣਤੀ ਵਿਚ ਇਥੇ ਫੌਜੀ ਬੈਰਕਾਂ ਹਨ। ਇਹ ਬੈਰਕਾਂ ਪੰਜਾਬ ਵੱਲੋਂ ਦਿੱਲੀ ਆਈਏ ਤਾਂ ਦਿੱਲੀ ਦੇ ਬਾਹਰ ਕਾਇਮ ਹਨ। ਵੱਡੀ ਗਿਣਤੀ ਵਿਚ ਇਥੇ ਲੋਕਾਂ ਨੂੰ ਆਰਜ਼ੀ ਟਿਕਾਣਾ ਮਿਲ ਸਕੇਗਾ।

1 : ਕੀ ਇਹਨਾਂ ਫੌਜੀ ਬੈਰਕਾਂ ਵਿਚ ਟੱਬਰਾਂ ਦੇ ਰਹਿਣ ਲਈ ਸਹੂਲਤਾਂ ਹਨ?

2 : ਕੀ ਪਰਦੇ ਵਾਲੇ ਪਾਖ਼ਾਨਾ ਘਰ ਜਾਂ ਪਰਦੇ ਵਾਲੇ ਗੁਸਲਖਾਨੇ ਹਨ?

3 : ਕੀ ਰੋਟੀ ਪਕਾਉਣ ਦੀ ਥਾਂ ਹੋਵੇਗੀ?

ਮੁਨਾਦੀ : ਨਹੀਂ, ਇਹ ਫੌਜੀ ਬੈਰਕਾਂ ਹਨ। ਪਰਦੇ ਵਾਲੇ ਪਖ਼ਾਨਾ ਘਰ ਨਹੀਂ... ਪਰ ਇਹ ਫਿਕਰ ਵਾਲੀ ਗੱਲ ਨਹੀਂ ਸਾਡੇ ਲੋਕ ਸਦੀਆਂ ਤੋਂ ਖੁਲ੍ਹੇ ਖੇਤਾਂ 'ਚ ਜੰਗਲ ਪਾਣੀ ਜਾਂਦੇ ਹਨ... ਪੰਜਾਬੀ ਬੜੇ ਬਹਾਦੁਰ ਹਨ। ਉਹ ਹਰ ਮੁਸ਼ਕਲ ਦਾ ਹੱਲ ਲਭ ਲੈਂਦੇ ਹਨ। ਮਰਦ ਖੁਲ੍ਹੇ ਆਮ ਨਹਾ

ਸਕਦੇ ਹਨ। ਔਰਤਾਂ ਮੰਜਾ ਖੜਾ ਕਰਕੇ ਪਰਦਾ ਕਰ ਸਕਦੀਆਂ ਹਨ।

*(ਘੁਸਰ ਮੁਸਰ ਹੁੰਦੀ ਹੈ ਤੇ ਇਕ ਆਵਾਜ਼ ਉੱਚੀ ਹੁੰਦੀ ਹੈ।)*

ਆਵਾਜ਼ : ਚਲੋ ਰੜੇ ਮੈਦਾਨ ਰੁਕਣ ਨਾਲੋਂ ਸਿਰ ਦੀ ਛੱਤ ਤਾਂ ਮਿਲ ਜਾਏਗੀ।

*(ਮੁਨਾਦੀ ਵਾਲਾ ਇਕ ਪਾਸੇ ਹੋ ਜਾਂਦਾ ਹੈ ਤਾਂ ਸੂਤਰਧਾਰ ਦੂਜੇ ਪਾਸੇ ਤੋਂ ਆਉਂਦਾ ਹੈ।)*

ਸੂਤਰਧਾਰ : ਤੇ ਇਥੇ ਆ ਕੇ ਸਾਡੇ ਨਾਟਕ ਦਾ ਪਾਤਰ ਜੈਮਲ ਸਿੰਘ ਉਰਫ ਪਰਮਾਤਮਾਂ ਦਾ ਕੁੱਤਾ ਸ਼ਰਨਾਰਥੀ ਬਣਕੇ ਆਇਆ। ਉਹ ਪਾਕਿਸਤਾਨ ਤੋਂ ਉਜੜਿਆ ਇਕ ਕਿਸਾਨ ਸੀ। ਉਹਦੀ ਇਕ ਜਵਾਨ ਧੀ ਫਸਾਦੀਆਂ ਨੇ ਅਗਵਾ ਕਰ ਲਈ ਸੀ। ਧੀ ਦੇ ਗ਼ਮ ਵਿਚ ਜੈਮਲ ਸਿੰਘ ਦੀ ਪਤਨੀ ਚਲਾਣਾ ਕਰ ਗਈ ਸੀ। ਛੋਟੀ ਬੇਟੀ ਅਤੇ ਇਕ ਬੇਟੇ ਨੂੰ ਨਾਲ ਲੈ ਕੇ ਉਹ ਕਿੰਗਜ਼ਵੇ ਕੈਂਪ ਵਿਚ ਸ਼ਰਨਾਰਥੀ ਬਣਿਆ। ਨਵੰਬਰ 1947 'ਚ ਉਹ ਇਥੇ ਪੁੱਜਿਆ... .. ਦਿੱਲੀ ਆਜ਼ਾਦ ਹਿੰਦੋਸਤਾਨ ਦੀ ਰਾਜਧਾਨੀ ਸੀ। ਪੰਡਿਤ ਜਵਾਹਰ ਲਾਲ ਨਹਿਰੂ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਨ।ਉਹਨਾਂ ਦੀ ਆਵਾਜ਼ ਰੇਡੀਓ ਤੋਂ ਤਕਰੀਬਨ ਹਰ ਰੋਜ਼ ਸੁਣਨ ਨੂੰ ਮਿਲਦੀ ਸੀ। ਖ਼ਬਰਾਂ ਵਿਚ, ਖ਼ਬਰਾਂ ਦੇ ਤਬਸਰੇ 'ਚ...

ਰੇਡਿਓ ਤੋਂ ਆਵਾਜ਼ : ਹਮ ਨੇ ਬਣਾਨਾ ਹੈ ਏਕ ਨਿਆ ਭਾਰਤ... ਔਰ ਪੂਰੇ ਕਰਨੇ ਹੈਂ ਅਪਣੇ ਸਪਨੇ...

ਸੂਤਰਧਾਰ : ਇਹ ਆਖਿਆ ਜਾਂਦਾ ਕਿ ਸਾਰੀ ਕੌਮ ਪੰਜਾਬ ਅਤੇ ਬੰਗਾਲ ਦੇ ਲੋਕਾਂ ਦੀ ਦੇਣਦਾਰ ਹੈ। ਉਹਨਾਂ ਨੂੰ ਆਜ਼ਾਦੀ ਦੀ ਬੜੀ ਵੱਡੀ ਕੀਮਤ ਦੇਣੀ ਪੈਂਦੀ ਹੈ। ਇਕ ਕਰੋੜ ਲੋਕ ਘਰੋਂ ਬੇਘਰ ਹੋਏ, ਪੰਜ ਲੱਖ ਲੋਕਾਂ ਨੇ ਜਾਨ ਦੀ ਅਹੂਤੀ ਦਿੱਤੀ, ਕਿੰਗਜ਼ਵੇ ਕੈਂਪ ਕਿਉਂਕਿ ਸ਼ਰਨਾਰਥੀਆਂ ਦਾ ਗੜ੍ਹ ਸੀ ਇਸ ਲਈ ਮੁੜ ਵਸਾਉਣ ਦੀ ਸਰਕਾਰ ਦੀ ਕੋਈ ਸਕੀਮ ਹੁੰਦੀ ਉਹਦੀ ਖ਼ਬਰ ਕੰਨੋਕੰਨੀ ਹਰ ਵਿਅਕਤੀ ਨੂੰ ਮਿਲ ਜਾਂਦੀ...ਅਲਾਟਮੈਂਟ ਲਈ ਅਰਜ਼ੀਆਂ ਲਈਆਂ ਜਾਂਦੀਆਂ। ਇਕ ਵੱਡਾ ਦਫ਼ਤਰ ਮੁੜ ਵਸੇਬੇ ਲਈ ਖੁਲ੍ਹ ਗਿਆ। ਇਸਦਾ ਮੁਖੀਆ ਕਮਿਸ਼ਨਰ ਦੇ ਰੈਂਕ ਦਾ ਸੀ। ਅਮਲਾ ਫੈਲਾ ਬੜਾ ਸੀ ਪਰ ਕੰਮ ਕੀੜੀ ਦੀ ਚਾਲੇ ਤੁਰਦਾ ਸੀ। ਜਿਨ੍ਹਾਂ ਲੋਕਾਂ ਨੇ ਆਜ਼ਾਦੀ ਦੀ ਏਨੀਂ ਵੱਡੀ ਕੀਮਤ ਅਦਾ ਕੀਤੀ ਸੀ ਉਹਨਾਂ ਨੂੰ ਮੁੜ ਵਸਾਉਣ ਦਾ ਕੰਮ ਪੂਰੀ ਤਰ੍ਹਾਂ ਲਾਪ੍ਰਵਾਹੀ ਨਾਲ ਕੀਤਾ

ਜਾਂਦਾ। ਆਉਣ ਵਾਲੇ ਸਮੇਂ ਇਸ ਲਾਪ੍ਰਵਾਹੀ ਦੀ ਪਰਿਭਾਸ਼ਾ 'ਦਫਤਰ ਸ਼ਾਹੀ' ਦੇ ਨਾਂ ਨਾਲ ਪ੍ਰਸਿੱਧ ਹੋਈ। ਸ਼ਰਨਾਰਥੀ ਜੋ ਆਪਣੇ ਭਰੇ ਭਰਾਏ ਘਰ ਛੱਡਕੇ ਆਏ ਸਨ, ਉਹ ਮਾਯੂਸ ਹੋਏ, ਬੇਵੱਸ ਹੋਏ ਮਹਿਸੂਸ ਕਰ ਰਹੇ ਸਨ ਤੇ ਇਸ ਪਿਛੋਕੜ ਵਿਚ ਸਾਡੀ ਕਾਰਵਾਈ ਸ਼ੁਰੂ ਹੁੰਦੀ ਹੈ।

*(ਕਾਫਲੇ ਵਾਲੇ ਸ਼ਰਨਾਰਥੀ ਹੁਣ ਮੁੜ ਵਸਾਊ ਦਫਤਰ ਦੇ ਕੰਮਪਾਊਡ ਵਿਚ ਹਿਲਜੁਲ ਕਰਦੇ ਨਜ਼ਰ ਆਉਂਦੇ ਹਨ। ਪਿਛੋਕੜ ਤੋਂ ਆਵਾਜ਼ ਆਉਂਦੀ ਹੈ।)*

ਆਵਾਜ਼ : ਸਾਰੇ ਆਮ ਅਤੇਖਾਸ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਅਲਾਟਮੈਂਟ ਦਾ ਨਵਾਂ ਫਾਰਮ ਨੰਬਰ 127 ਹੁਣ ਖਿੜਕੀ ਨੰਬਰ 6 ਤੋਂ ਮਿਲ ਸਕੇਗਾ, ਜਿਨ੍ਹਾਂ ਨੇ ਪਹਿਲੇ ਅਰਜ਼ੀ ਦਿੱਤੀ ਹੈ ਉਨ੍ਹਾਂ ਲਈ ਵੀ ਨਵੇਂ ਫਾਰਮ ਵਿਚ ਪੁਛੀ ਗਈ ਜਾਣਕਾਰੀ ਜ਼ਰੂਰੀ ਹੈ –

*(ਭੀੜ ਦੀ ਬੁੜਬੁੜ ਸੁਣਦੀ ਹੈ।)*

1 : ਹਰ ਚੌਥੇ ਦਿਨ ਨਵਾਂ ਫਾਰਮ

2 : ਪਹਿਲੀ ਅਰਜ਼ੀ ਦਿੱਤੀ ਦੋ ਸਾਲ ਹੋ ਗਏ ਨੇ, ਕੰਮ ਤੇ ਕੋਈ ਹੁੰਦਾ ਨਹੀਂ

3 : ਕਮਿਸ਼ਨਰ ਸਾਹਿਬ ਨੂੰ ਚਲਕੇ ਸ਼ਕਾਇਤ ਕਰਨੇ ਹਾਂ

4 : ਪਰ ਉਥੇ ਪੁੱਜਣ ਕੌਣ ਦੇਵੇਗਾ– ਦੇਖਦਾ ਨਹੀਂ ਉਹ ਬਘਿਆੜ ਪਹਿਰੇ 'ਤੇ ਬੈਠਾ ਹੈ।

5 : ਚਲੋ ਚਲਕੇ ਫਾਰਮ ਤਾਂ ਲਈਏ

(ਦੌੜ ਕੇ ਖਿੜਕੀ ਅਗੇ ਜਾਂਦੇ ਹਨ... ਧੱਕਮ–ਧੱਕਾ, ਕਮੀਜ਼ਾਂ ਫਾੜ ਜਾਂਦੀਆਂ ਹਨ, ਪਹਿਲਵਾਨ ਨੁਮਾ ਬੰਦਾ ਇਕੱਠੇ ਹੀ ਚਾਰ ਫਾਰਮ ਲੈ ਆਉਂਦਾ ਹੈ...)

ਇਕ ਆਵਾਜ਼ : ਗੇਟ ਦੇ ਬਾਹਰ ਹਰ ਫਾਰਮ 1/– ਦਾ ਮਿਲ ਰਿਹਾ ਹੈ–

*(ਗੇਟ ਵਾਲੀ ਭੀੜ ਜਾਂਦੀ ਹੈ। ਵਿਅਕਤੀ (ਪਰਮਾਤਮਾ ਦਾ ਕੁੱਤਾ) ਆਉਂਦਾ ਹੈ। ਉਹਦਾ ਲੰਮਾ ਕੁੜਤਾ ਹੈ। ਤੇੜ ਪਰਨਾ ਨੁਮਾ ਚਾਦਰ ਹੈ, ਸਿਰ 'ਤੇ ਪਗੜੀ ਹੈ, ਮੋਢੇ 'ਤੇ ਇਕ ਪਰਨਾ ਹੈ, ਉਹ ਬੜੀ ਆਕੜ ਵਾਲੀ ਚਾਲ ਨਾਲ ਚਲਕੇ ਆਉਂਦਾ ਹੈ। ਐਨ ਜਿਥੇ ਚਪੜਾਸੀ ਬੈਠਾ ਹੈ ਉਥੇ ਪਰਨਾ ਵਿਛਾਕੇ ਟੰਗਾ ਫੈਲਾਕੇ ਬੈਠ ਜਾਂਦਾ ਹੈ।)*

ਵਿਅਕਤੀ : ਨਵਾਂ ਫਾਰਮ ਭਰੋ... ਦੋ ਸਾਲ ਤੋਂ ਫਾਰਮ ਹੀ ਭਰ ਰਹੇ ਹਾਂ... ਪੁੱਛੋ ਤਾਂ ਦੱਸਿਆ ਜਾਂਦਾ ਹੈ ਕਿ ਸਰਕਾਰ ਵਕਤ ਲੈ ਰਹੀ ਏ ? ਦਸ ਸਾਲ

’ਚ ਸਰਕਾਰ ਫੈਸਲਾ ਕਰੇਗੀ ਕਿ ਅਰਜ਼ੀ ਮਨਜ਼ੂਰ ਹੋਣੀ ਚਾਹੀਦੀ ਹੈ ਕਿ ਨਹੀਂ ? ਕਮਬਖਤੋ ਉਧਰ ਯਮਰਾਜ ਵੀ ਸਾਡਾ ਵਕਤ ਗਿਣਦਾ ਪਿਆ ਏ, ਉਧਰ ਉਹਦਾ ਵਕਤ ਪੂਰਾ ਹੋਏਗਾ, ਇਧਰੋਂ ਤੁਹਾਡੇ ਵੱਲੋਂ ਪਤਾ ਆਏਗਾ ਕਿ ਅਰਜ਼ੀ ਮਨਜ਼ੂਰ ਹੋ ਗਈ ਏ। ਇਹ ਚਪੜਾਸੀ ਵੱਲ ਵੇਖੋ, ਘੂਰਦਾ ਇਸ ਤਰ੍ਹਾਂ ਪਿਆ ਏ, ਜਿਸ ਤਰ੍ਹਾਂ ਖਾ ਹੀ ਜਾਣਾ ਏ, ਦੋ ਸਾਲ ਹੋ ਗਏ ਨੇ ਅਰਜ਼ੀ ਦਿੱਤੀ। ਜ਼ਮੀਨ ਦੇ ਨਾਂ ’ਤੇ ਭੜਵਿਆਂ ਨੇ ਇਕ ਟੋਆ ਅਲਾਟ ਕਰ ਦਿੱਤਾ ਏ, ਭਲਾ ਉਹਨੂੰ ਕੀ ਕਰੇ ? ਦੋ ਸਾਲ ਤੋਂ ਦਿੱਤੀ ਹੋਈ ਅਰਜ਼ੀ ਬਿਨਾਂ ਦੋ ਕਮਰਿਆਂ ਨੂੰ ਪਾਰ ਨਹੀਂ ਕਰ ਸਕੀ। ਇਕ ਕਮਰੇ ਤੋਂ ਦੂਜੇ ਕਮਰੇ ਤੱਕ ਜਾਣ ਵਿਚ ਵਕਤ ਲਗਦਾ ਏ। ਇਕ ਮੇਜ਼ ਤੋਂ ਦੂਜੀ ਮੇਜ਼ ਤੱਕ ਜਾਣ ’ਚ ਵਕਤ ਲਗਦਾ ਏ। ਸਰਕਾਰ ਵਕਤ ਲੈ ਰਹੀ ਏ… ਮੈਂ ਵੀ ਹੁਣ ਆ ਗਿਆ ਹਾਂ, ਇਥੇ ਹੀ ਆਪਣਾ ਡੇਰਾ ਲੈਕੇ। ਲੈ ਲਵੋ ਜਿਨਾਂ ਕਤ ਲੈਣਾ ਏ… ਸੱਤ ਸਾਲ ਦੀ ਭੁੱਖਮਰੀ ਦੇ ਬਾਅਦ ਸਾਲਿਆਂ ਨੇ ਜ਼ਮੀਨ ਦਿੱਤੀ ਏ ਮੈਨੂੰ… ਸੌ ਮਰਲੇ ਦਾ ਟੋਆ – ਕੀ ਉਸ ਵਿਚ ਮੈਂ ਆਪਣੇ ਪਿਓ–ਦਾਦੇ ਦੀਆਂ ਅਸਥੀਆਂ ਗਡਾਂਗਾ ? ਅਰਜ਼ੀ ਦਿੱਤੀ ਸੀ ਕਿ ਸੌ ਮਰਲੇ ਦੀ ਥਾਂ ਪੰਜਾਹ ਮਰਲੇ ਦੇ ਦੇਵੇ, ਪਰ ਜ਼ਮੀਨ ਤਾਂ ਦੇਵੋ, ਪਰ ਅਰਜ਼ੀ ਦੋ ਸਾਲ ਤੋਂ ਵਕਤ ਲੈ ਰਹੀ ਏ… ਮੈਂ ਭੁੱਖਾ ਮਰ ਰਿਹਾ ਹਾਂ ਤੇ ਅਰਜ਼ੀ ਵਕਤ ਲੈ ਰਹੀ ਏ–

*(ਚਪੜਾਸੀ ਉਸ ਵੱਲ ਘੂਰਦਾ ਆਉਂਦਾ ਹੈ।)*

ਚਪੜਾਸੀ : ਏ ਮਿਸਟਰ, ਚੱਲ ਇਥੋਂ ਬਾਹਰ (ਉਹ ਚਪੜਾਸੀ ਨੂੰ ਵਾਪਸ ਘੂਰਦਾ ਹੈ) ਦੇਖਦਾ ਕੀ ਏਂ ਉੱਠ…

ਵਿਅਕਤੀ : (ਹੋਰ ਚੌੜਾ ਹੋਕੇ) ਮਿਸਟਰ ਅੱਜ ਇਥੋਂ ਨਹੀਂ ਉਠੇਗਾ… ਮਿਸਟਰ ਅੱਜ ਇਥੋਂ ਦਾ ਬਾਦਸ਼ਾਹ ਏ, ਪਹਿਲੇ ਮਿਸਟਰ ਦੇਸ਼ ਦੇ ਬਤਾਜ ਬਾਦਸਾਹਾਂ ਦੀ ਜੈ ਬੁਲਾਂਦਾ ਸੀ, ਹੁਣ ਉਹ ਆਪ ਬਾਦਸ਼ਾਹ ਏ ਬੇਤਾਜ ਬਾਦਸ਼ਾਹ, ਉਸਨੂੰ ਕੋਈ ਲਾਜ ਸ਼ਰਮ ਨਹੀਂ, ਉਸ ਉੱਤੇ ਕਿਸੀ ਦਾ ਹੁਕਮ ਨਹੀਂ ਚਲਦਾ, ਕੁਝ ਸਮਝਿਆ ਚਪੜਾਸੀ ਬਾਦਸ਼ਾਹ… ?

ਚਪੜਾਸੀ : ਹੁਣ ਤੈਨੂੰ ਪਤਾ ਚਲ ਜਾਏਗਾ ਕਿ ਤੇਰੇ ’ਤੇ ਕਿਸੇ ਦਾ ਹੁਕਮ ਚਲਦਾ ਹੈ ਕਿ ਨਹੀਂ, ਹੁਣੇ ਤੈਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਤਾਂ ਤੇਰੀ ਸਾਰੀ ਬਾਦਸ਼ਾਹੀ ਨਿਕਲ ਜਾਏਗੀ।

ਵਿਅਕਤੀ : ਵਾਹ, ਤੇਰੀ ਪੁਲਿਸ ਮੇਰੀ ਬਾਦਸ਼ਾਹੀ ਕੱਢੇਗੀ, ਫੇਰ ਬੁਲਾ ਪੁਲਿਸ ਨੂੰ… ਮੈਂ ਪੁਲਿਸ ਦੇ ਸਾਹਮਣੇ ਇਹ ਤੇੜ ਦੀ ਚਾਦਰ ਖੋਲਕੇ ਨੰਗਾ

ਹੋ ਜਾਵਾਂਗਾ ਤੇ ਕਹਾਂਗਾ... ਲੋ ਕੱਢ ਲੋ ਬਾਦਸ਼ਾਹੀ... ਪੁਲਿਸ ਦੇ ਡਰਾਵੇ ਦੇਂਦਾ ਹੈ ਸਾਲਾ ਕੁੱਤਾ।

ਚਪੜਾਸੀ : ਕੀ ਕਿਹਾ ? ਇਕ ਵਾਰੀ ਫੇਰ ਕਹਿ...

ਵਿਅਕਤੀ : ਸਾਲਾ ਕੁੱਤਾ, ਕੁੱਤਾ, ਕੁੱਤਾ, ਕੁੱਤਾ...

*(ਰੌਲਾ ਪੈਂਦਾ ਹੈ, ਦਫਤਰ ਦੇ ਬਾਊ ਵਾਰੀ ਵਾਰੀ ਨਿਕਲਦੇ ਹਨ। ਚਪੜਾਸੀ ਵਿਅਕਤੀ ਨੂੰ ਠੁੱਡੇ ਮਾਰਦਾ ਹੈ, ਮਾਰ ਮਾਰਕੇ ਹਫ ਜਾਂਦਾ ਹੈ।)*

ਚਪੜਾਸੀ : ਤੈਨੂੰ ਹੁਣੇ ਦਸਦਾ ਹਾਂ ਕਿ ਕੌਣ ਕੁੱਤਾ ਹੈ, ਮਾਰ ਮਾਰਕੇ... (ਬਾਊ ਉਹਨੂੰ ਫੜਕੇ ਪਿਛੇ ਕਰਦੇ ਹਨ) ਕਮੀਨਾ ਆਦਮੀ ਦਫਤਰ ਆਕੇ ਗਾਲ੍ਹਾਂ ਕੱਢਦਾ ਏ, (ਫੇਰ ਅੱਗੇ ਹੋਕੇ) ਮੈਂ ਹੁਣੇ ਤੈਨੂੰ ਦਸਦਾ ਹਾਂ ਕੌਣ ਕੁੱਤਾ...

ਵਿਅਕਤੀ : ਤੂੰ ਕੀ ਦਸੇਂਗਾ ਮੈਂ ਦਸਦਾ ਹਾਂ... ਤੂੰ ਕੁੱਤਾ ਤੇ ਇਥੇ ਤੂੰ ਇਕ ਕੁੱਤਾ ਨਹੀਂ... ਇਥੇ ਸਭ ਦੇ ਸਭ ਕੁੱਤੇ ਹੋ... ਹਾਂ ਤੁਸੀਂ ਵੀ ਕੁੱਤੇ ਹੋ ਤੇ ਮੈਂ ਵੀ ਕੁੱਤਾ ਹਾਂ। ਫਰਕ ਸਿਰਫ ਏਨਾ ਏ ਕਿ ਤੁਸੀਂ ਸਰਕਾਰ ਦੇ ਕੁੱਤੇ ਹੋ, ਸਾਡੇ ਲੋਕਾਂ ਦੀਆਂ ਹੱਡੀਆਂ ਚੂਸਦੇ ਹੋ ਅਤੇ ਸਰਕਾਰ ਵੱਲੋਂ ਭੌਂਕਦੇ ਹੋ। ਮੈਂ ਪਰਮਾਤਮਾਂ ਦਾ ਕੁੱਤਾ ਹਾਂ, ਉਸਦੀ ਦਿੱਤੀ ਹੋਈ ਹਵਾ ਖਾਕੇ ਜੀਂਦਾ ਹਾਂ ਅਤੇ ਉਹਦੇ ਵੱਲੋਂ ਭੌਂਕਦਾ ਹਾਂ। ਉਸਦਾ ਘਰ ਇਨਸਾਫ ਦਾ ਘਰ ਏ, ਮੈਂ ਉਸਦੇ ਘਰ ਦੀ ਰਖਵਾਲੀ ਕਰਦਾ ਹਾਂ, ਤੁਸੀਂ ਸਾਰੇ ਲੁਟੇਰੇ ਹੋ... ਤੁਹਾਡੇ ਉਤੇ ਭੌਂਕਣਾ ਸਾਡਾ ਫਰਜ਼ ਏ, ਮੇਰੇ ਮਾਲਕ ਦਾ ਹੁਕਮ ਏ... ਮੇਰਾ ਤੁਹਾਡੇ ਨਾਲ ਅਸਲੀ ਵੈਰ ਏ... ਕੁੱਤੇ ਦਾ ਕੁੱਤਾ ਵੈਰੀ ਹੁੰਦਾ ਏ... ਤੁਸੀਂ ਮੇਰੇ ਦੁਸ਼ਮਣ ਹੋ, ਮੈਂ ਤੁਹਾਡ ਦੁਸ਼ਮਣ ਹਾਂ, ਮੈਂ ਇਕੱਲਾ ਹਾਂ, ਇਸ ਲਈ ਤੁਸੀਂ ਸਭ ਮਿਲਕੇ ਮੈਨੂੰ ਮਾਰੋ, ਮੈਨੂੰ ਇਥੋਂ ਧੱਕੇ ਮਾਰਕੇ ਕੱਢ ਦੇਵੋ, ਮੈਂ ਫਿਰ ਵੀ ਭੌਂਕਦਾ ਰਵਾਂਗਾ... ਤੁਸੀਂ ਮੇਰਾ ਭੌਂਕਣਾ ਬੰਦ ਨਹੀਂ ਕਰ ਸਕਦੇ। ਮੇਰੇ ਅੰਦਰ ਮੇਰੇ ਮਾਲਿਕ ਦਾ ਨੂਰ ਏ, ਮੇਰੇ ਵਾਹਿਗੁਰੂ ਦਾ ਦਿੱਤਾ ਬੱਲ ਏ, ਸ਼ਕਤੀ ਏ... ਮੈਨੂੰ ਜਿਥੇ ਵੀ ਬੰਦ ਕਰ ਦੇਵੋਗੇ, ਮੈਂ ਉਥੇ ਵੀ ਭੌਂਕਾਂਗਾ ਅਤੇ ਭੌਂਕ ਭੌਂਕ ਕੇ ਤੁਹਾਨੂੰ ਕੰਨੋ ਬੋਲਾ ਕਰ ਦੇਵਾਂਗਾ, ਸਾਲਿਓ... ਆਦਮੀ ਦੇ ਪਾਲੂ ਕੁੱਤਿਓ... ਜੂਠੀਆਂ ਹੱਡੀਆਂ ਲਈ ਲੜ ਲੜਕੇ ਮਰਨ ਵਾਲਿਓ ਕੁੱਤਿਓ, ਪੂਛਲ ਹਿਲਾ ਹਿਲਾਕੇ ਜੀਣ ਵਾਲੇ ਕੁੱਤਿਓ... ਤੁਸੀਂ ਪਰਮਾਤਮਾ ਦੇ ਕੁੱਤੇ ਦਾ ਕੀ ਕਰ ਲਵੋਗੇ ?

*(ਬਾਊਆਂ 'ਚ ਦਹਿਸ਼ਤ ਪੈ ਜਾਂਦੀ ਹੈ।)*

ਇਕ ਬਾਊ : (ਅਗੇ ਆਕੇ ਹੱਥ ਜੋੜਕੇ) ਬਾਬਾ ਜੀ ਬਸ ਕਰੋ, ਸਾਡੇ ਉੱਤੇ ਤਰਸ

ਕਰੋ, ਕਿਰਪਾ ਕਰਕੇ ਆਪਣੀ ਇਹ ਸੰਤਬਾਣੀ ਬੰਦ ਕਰੋ, ਇਹ ਦੱਸੋ ਤੁਹਾਡਾ ਨਾਂ ਕੀ ਏ ? ਤੁਹਾਡਾ ਕੰਮ ਕੀ ਏ ?

ਵਿਅਕਤੀ : ਮੇਰਾ ਨਾਂ ਏ 1226/7... ਮੇਰੇ ਮਾਂ ਪਿਓ ਨੇ ਜੋ ਮੈਨੂੰ ਨਾਂ ਦਿੱਤਾ ਸੀ ਉਹ ਤੁਸੀਂ ਖਾ ਲਿਆ ਏ ਕੁੱਤਿਆਂ ਨੇ। ਹੁਣ ਇਹੋ ਨਾਂ ਏ ਤੁਹਾਡੇ ਦਫਤਰ ਦਾ ਦਿੱਤਾ ਹੋਇਆ। ਮੈਂ 1226/7 ਹਾਂ। ਮੇਰਾ ਕੋਈ ਹੋਰ ਨਾਂ ਨਹੀਂ, ਮੇਰਾ ਇਹ ਨਾਂ ਯਾਦ ਕਰ ਲਵੋ। ਆਪਣੀ ਡਾਇਰੀ ਵਿਚ ਲਿਖ ਲਵੋ। ਵਾਹਿਗੁਰੂ ਦਾ ਕੁੱਤਾ 1226/7

ਬਾਊ : ਬਾਬਾ ਜੀ ਅੱਜ ਜਾਓ, ਕੱਲ ਜਾਂ ਪਰਸੋਂ ਆ ਜਾਣਾ, ਤੁਹਾਡੀ ਅਰਜ਼ੀ ਦੀ ਕਾਰਵਾਈ ਤਕਰੀਬਨ ਤਕਰੀਬਨ ਪੂਰੀ ਹੋ ਚੁੱਕੀ ਏ...

ਵਿਅਕਤੀ : ਤਕਰੀਬਨ ਤਕਰੀਬਨ ਪੂਰੀ ਹੋ ਚੁੱਕੀ ਏ ਤੇ ਮੈਂ ਆਪ ਵੀ ਤਕਰੀਬਨ ਤਕਰੀਬਨ ਪੂਰਾ ਹੋ ਚੁੱਕਆ ਹਾਂ। ਹੁਣ ਦੇਖਣਾ ਏ ਕਿ ਪਹਿਲੇ ਕਾਰਵਾਈ ਪੂਰੀ ਹੁੰਦੀ ਏ ਕਿ ਮੈਂ ਪੂਰਾ ਹੁੰਦਾ ਹਾਂ। ਇਕ ਪਾਸੇ ਸਰਕਾਰ ਦਾ ਹੁਨਰ ਏ ਅਤੇ ਦੂਜੇ ਪਾਸੇ ਪਰਮਾਤਮਾ ਦਾ ਹੁਨਰ ਏ। ਤੁਹਾਡਾ ਤਕਰੀਬਨ ਤਕਰੀਬਨ ਇਸੀ ਦਫਤਰ ਵਿਚ ਹੀ ਰਹੇਗਾ ਤੇ ਮੇਰਾ ਤਕਰੀਬਨ ਤਕਰੀਬਨ ਕਫ਼ਨ 'ਚ ਪਹੁੰਚ ਜਾਏਗਾ। ਸਾਲਿਆਂ ਨੇ ਸਾਰੀ ਪੜ੍ਹਾਈ ਖਰਚਕੇ ਸਿਰਫ ਦੋ ਲਫਜ਼ ਇਜਾਦ ਕਰ ਲਏ ਹਨ... ਸ਼ਾਇਦ ਅਤੇ ਤਕਰੀਬਨ। ਸ਼ਾਇਦ ਤੁਹਾਡੇ ਕਾਗਜ਼ ਉਧਰ ਚਲੇ ਗਏ ਹਨ। ਤਕਰੀਬਨ ਤਕਰੀਬਨ ਕਾਰਵਾਈ ਪੂਰੀ ਹੋ ਚੁੱਕੀ ਏ। ਸ਼ਾਇਦ ਵਿਚੋਂ ਕਢੋ ਅਤੇ ਤਕਰੀਬਨ ਵਿਚ ਪਾ ਲਵੋ। ਤਕਰੀਬਨ ਵਿਚੋਂ ਕਢੋ ਅਤੇ ਸ਼ਾਇਦ ਵਿਚ ਗਰਕ ਕਰ ਦੇਵੋ। ਤਕਰੀਬਨ ਤਿੰਨ ਚਾਰ ਮਹੀਨਿਆਂ ਵਿਚ ਤਹਕੀਕਾਤ ਹੋਵੇਗੀ... ਸ਼ਾਇਦ ਮਹੀਨੇ ਦੋ ਮਹੀਨਿਆਂ ਵਿਚ ਰੀਪੋਰਟ ਆਵੇਗੀ। ਤੇ ਸੁਣ ਲਵੋ, ਮੇਂ ਅੱਜ ਸ਼ਾਇਦ ਅਤੇ ਤਕਰੀਬਨ ਦੋਨੋਂ ਘਰ ਛੱਡਕੇ ਆਇਆ ਹਾਂ। ਮੈਂ ਇਥੇ ਬੈਠਾ ਹਾਂ ਅਤੇ ਇਥੇ ਬੈਠਾ ਰਵਾਂਗਾ। ਮੇਰਾ ਕੰਮ ਹੋਣਾ ਏ ਤਾਂ ਅੱਜ ਹੀ ਹੋਵੇਗਾ ਅਤੇ ਹੁਣੇ ਹੀ ਹੋਵੇਗਾ। ਤੁਹਾਡੇ ਸ਼ਾਇਦ ਅਤੇ ਤਕਰੀਬਨ ਦੇ ਗਾਹਕ ਇਹ ਸਭ ਖੜੇ ਨੇ... ਇਹ ਠੱਗੀ ਇਹਨਾਂ ਨਾਲ ਕਰੋ...

*(ਬਾਊ ਉਹਦਾ ਇਹ ਰਵੱਈਆ ਵੇਖਕੇ ਹੌਲੇ ਹੌਲੇ ਖਿਸਕਣਾ ਸ਼ੁਰੂ ਹੋ ਜਾਂਦੇ ਹਨ।)*

1 : ਬੈਠਾ ਏ ਤੇ ਬੈਠਾ ਰਹਿਣ ਦਿਓ

2 : ਬਕਦਾ ਏ ਤਾਂ ਬਕਣ ਦਿਓ

3 : ਸਾਲਾ ਬਦਮਾਸ਼ੀ ਨਾਲ ਕੰਮ ਕਢਣਾ ਚਾਹੁੰਦਾ ਏ

4 : Let him bark himself to death.

*(ਚਪੜਾਸੀ ਵੀ ਬੁੜ ਬੁੜ ਕਰਦਾ ਆਪਣੇ ਸਟੂਲ 'ਤੇ ਬੈਠ ਜਾਂਦਾ ਹੈ।)*

ਚਪੜਾਸੀ : ਮੈਂ ਤੇ ਇਸ ਸਾਲੇ ਦੇ ਦੰਦ ਭੰਨ ਦੇਂਦਾ, ਪਰ ਸਾਹਿਬਾਂ ਦਾ ਕਹਿਣਾ ਨਹੀਂ ਮੋੜ ਸਕਦਾ ਸਾਂ... ਨਹੀਂ ਤਾਂ...

ਭੀੜ 'ਚ ਇਕ : (ਅੱਗੇ ਆਕੇ) ਬਾਬਾ, ਸ਼ਾਂਤੀ ਕਰੋ... ਇਥੇ ਮਿੰਨਤ ਚਲਦੀ ਏ, ਪੈਸਾ ਚਲਦਾ ਏ, ਧੌਂਸ ਨਹੀਂ ਚਲਦੀ।

ਵਿਅਕਤੀ : ਪਰ ਪਰਮਾਤਮਾ ਦਾ ਹੁਕਮ ਹਰ ਥਾਂ ਚਲਦਾ ਏ... (ਆਪਣੀ ਕਮੀਜ਼ ਉਤਾਰ ਕੇ) ਅੱਜ ਪਰਮਾਤਮਾ ਦੇ ਹੁਕਮ ਨਾਲ ਹੀ ਬੇਤਾਜ ਬਾਦਸ਼ਾਹ ਨੰਗਾ ਹੋ ਕੇ ਕਮਿਸ਼ਨਰ ਸਾਹਿਬ ਦੇ ਕਮਰੇ ਵਿਚ ਜਾਏਗਾ। ਅੱਜ ਨੰਗੀ ਪਿੱਠ 'ਤੇ ਸਾਹਿਬ ਦੇ ਡੰਡੇ ਖਾਏਗਾ। ਬੂਟਾਂ ਦੇ ਠੁੱਡੇ ਖਾਕੇ ਜਾਨ ਦੇ ਦੇਵੇਗਾ ਪਰ ਉਹ ਕਿਸੇ ਦੀ ਮਿੰਨਤ ਨਹੀਂ ਕਰੇਗਾ, ਕਿਸੇ ਨੂੰ ਪੈਸਾ ਨਹੀਂ ਚੜ੍ਹਾਏਗਾ। ਕਿਸੇ ਦੀ ਪੂਜਾ ਨਹੀਂ ਕਰੇਗਾ। ਜੋ ਆਪਣੇ ਵਾਹਿਗੁਰੂ ਦੀ ਪੂਜਾ ਕਰਦਾ ਏ, ਉਹ ਕਿਸੇ ਹੋਰ ਦੀ ਪੂਜਾ ਨਹੀਂ ਕਰ ਸਕਦਾ। ਤੇ ਵਾਹਿਗੁਰੂ ਦਾ ਨਾਂ ਲੈ ਕੇ ਮੈਂ ਇਹ ਤੇੜ ਦੀ ਚਾਦਰ ਖੋਲ ਰਿਹਾ ਹਾਂ। (ਉਹ ਚਾਦਰ ਦੀ ਗੰਢ ਖੋਲਦਾ ਹੈ, ਲੋਕ ਉਹਨੂੰ ਪਕੜਦੇ ਹਨ) ਮੈਨੂੰ ਤੱਡ ਦੇਵੋ, ਮੈਨੂੰ ਜਾ ਕੇ ਪੁੱਛ ਲੈਣ ਦੇਵੋ ਕਿ ਕੀ ਮਹਾਤਮਾ ਗਾਂਧੀ ਨੇ ਉਹਨਾਂ ਨੂੰ ਇਸ ਲਈ ਆਜ਼ਾਦੀ ਲੈਕੇ ਦਿੱਤੀ ਸੀ ਕਿ ਉਹ ਆਜ਼ਾਦੀ ਨਾਲ ਬਲਾਤਕਾਰ (ਸੰਭੋਗ) ਕਰਨ। ਉਹਦੀ ਮਿੱਟੀ ਖਰਾਬ ਕਰਨ। ਉਹਦੇ ਨਾਂ ਨੂੰ ਕਲੰਕਤ ਕਰਨ। ਉਹਨਾਂ ਟੱਕੇ ਟੱਕੇ ਦੀਆਂ ਫਾਇਲਾਂ ਵਿਚ ਬੰਨਕੇ ਜ਼ਲੀਲ ਕਰਨ ? ਲੋਕਾਂ ਦੇ ਦਿਲਾਂ ਵਿਚ ਉਹਦੇ ਲਈ ਨਫਰਤ ਪੈਦਾ ਕਰਨ। ਇਨਸਾਨ ਦੇ ਤਨ 'ਤੇ ਕਪੜਾ ਹੋਵੇ ਤਾਂ ਇਹਨਾਂ ਨੂੰ ਉਹਦੀ ਗੱਲ ਸਮਝ ਨਹੀਂ ਲਗਦੀ। ਸ਼ਰਮ ਤਾਂ ਉਸਨੂੰ ਹੁੰਦੀ ਏ ਜੋ ਆਪਣੇ ਆਪ ਨੂੰ ਇਨਸਾਨ ਸਮਝੇ, ਮੈਂ ਤਾਂ ਆਪ ਕਹਿੰਦਾ ਹਾਂ ਮੈਂ ਇਨਸਾਨ ਨਹੀਂ ਕੁੱਤਾ ਹਾਂ... ਪਰਮਾਤਮਾ ਦਾ ਕੁੱਤਾ...

*(ਭੀੜ 'ਚ ਹਲਚਲ ਹੁੰਦੀ ਏ, ਕਮਿਸ਼ਨਰ ਆਪਣੇ ਕਮਰੇ 'ਚੋਂ ਬਾਹਰ ਆਉਂਦਾ ਹੈ। ਚਪੜਾਸੀ ਇਕ ਦਮ ਉਠਦਾ ਹੈ।)*

ਕਮਿਸ਼ਨਰ : (ਉਹਦੇ ਕੋਲ ਜਾ ਕੇ) ਕੀ ਗੱਲ ਏ, ਕੀ ਚਾਹੁੰਦਾ ਏ ਤੂੰ ?

ਵਿਅਕਤੀ : ਤੁਹਾਨੂੰ ਮਿਲਣਾ ਚਾਹੁੰਦਾ ਹਾਂ... ਸੌ ਮਰਲੇ ਦਾ ਇਕ ਟੋਆ ਮੇਰੇ ਨਾਂ ਅਲਾਟ ਹੋਇਆ ਈ, ਇਹ ਟੋਆ ਤੁਹਾਨੂੰ ਵਾਪਸ ਕਰਨਾ ਚਾਹੁੰਦਾ ਹਾਂ, ਤਾਂ ਜੋ ਸਰਕਾਰ ਉਸ ਵਿਚ ਇਕ ਤਲਾਬ ਬਣਾ ਦੇਵੇ ਅਤੇ ਅਫਸਰ ਲੋਕ ਸ਼ਾਮ ਨੂੰ ਉਥੇ ਆ ਕੇ ਮੱਛੀਆਂ ਫੜਿਆ ਕਰਨ ਜਾਂ

ਉਸ ਟੋਏ 'ਚ ਸਰਕਾਰ ਇਕ ਤਹਿਖਾਨਾ ਬਣਵਾ ਦੇਵੇ ਤੇ ਮੇਰੇ ਜਿਹੇ ਕੁੱਤਿਆਂ ਨੂੰ ਉਥੇ ਡੱਕਿਆ ਜਾ ਸਕੇ।

ਕਮਿਸ਼ਨਰ : ਬਹੁਤੀ ਬੱਕ ਬੱਕ ਨਾ ਕਰ ਅਤੇ ਆਪਣਾ ਕੇਸ ਲੈ ਕੇ ਮੇਰੇ ਕੋਲ ਆ।

ਵਿਅਕਤੀ : ਜਨਾਬ, ਮੇਰਾ ਕੇਸ ਮੇਰੇ ਕੋਲ ਨਹੀਂ, ਦੋ ਸਾਲ ਤੋਂ ਸਰਕਾਰ ਦੇ ਕੋਲ ਏ, ਤੁਹਾਡੇ ਕੋਲ ਏ। ਮੇਰੇ ਕੋਲ ਮੇਰੇ ਸਰੀਰ ਤੇ ਇਹ ਦੋ ਕਪੜੇ ਨੇ, ਚਾਰ ਦਿਨਾਂ ਬਾਅਦ ਇਹ ਵੀ ਨਹੀਂ ਰਹਿਣਗੇ, ਇਸ ਲਈ ਇਨ੍ਹਾਂ ਨੂੰ ਵੀ ਅੱਜ ਉਤਾਰ ਦੇਣ ਲੱਗਾ ਹਾਂ। ਇਸਦੇ ਬਾਅਦ ਬਾਕੀ ਸਿਰਫ 1226/7 ਰਹਿ ਜਾਵੇਗਾ। 1226/ ਨੂੰ ਮਾਰ ਮਾਰਕੇ ਪਰਮਾਤਮਾ ਦੇ ਹਜ਼ੂਰ ਭੇਜ ਦੇਣਾ... ਉਹੀ ਮੇਰਾ ਪਤਾ ਏ, ਟਿਕਾਣਾ ਏ, ਮੈਂ ਪਰਮਾਤਮਾ ਦਾ ਕੁੱਤਾ ਹਾਂ।

ਕਮਿਸ਼ਨਰ : ਇਹ ਬਕਵਾਸ ਬੰਦ ਕਰ, ਮੇਰੇ ਨਾਲ ਅੰਦਰ ਆ।

*(ਕਮਿਸ਼ਨਰ ਜਾਂਦਾ ਹੈ, ਚਪੜਾਸੀ ਵੀ ਉਹਦੇ ਲਈ ਚਿਕ ਚੁੱਕਦਾ ਹੈ।)*

ਵਿਅਕਤੀ : (ਅੰਦਰ ਜਾਣ ਤੋਂ ਪਹਿਲਾਂ ਲੋਕਾਂ ਨੂੰ ਸੰਬੋਧਨ ਹੁੰਦਾ ਹੈ।) ਦੋ ਸਾਲ ਚੱਕਰ ਲਗਾਉਂਦਾ ਰਿਹਾ, ਕਿਸੀ ਨੇ ਵਾਤ ਨਹੀਂ ਪੁੱਛੀ... ਖੁਸ਼ਾਮਦ ਕਰਦਾ ਰਿਹਾ, ਕਿਸੇ ਨੇ ਧਿਆਨ ਨਹੀਂ ਦਿੱਤਾ, ਵਾਸਤੇ ਪਾਉਂਦਾ ਰਿਹਾ, ਤਰਲੇ ਕਰਦਾ ਰਿਹਾ, ਕਿਸੀ ਨੇ ਤਰਸ ਨਹੀਂ ਕੀਤਾ।

*(ਅਗਲਾ ਸੀਨ ਹੁਣ ਦਫਤਰ ਦੀ ਹਿਲਜੁਲ ਦਾ ਹੈ... ਘੰਟੀ ਵਜ ਰਹੀ ਹੈ। ਬਾਊ ਅੰਦਰ ਜਾਂਦੇ ਹਨ, ਬਾਹਰ ਆਉਂਦੇ ਹਨ। ਫਾਈਲਾਂ ਚਲ ਰਹੀਆਂ ਹਨ, ਸੰਗੀਤ ਵੱਜ ਰਿਹਾ ਹੈ। ਥੋੜੀ ਦੇਰ ਬਾਅਦ ਵਿਅਕਤੀ ਜਿੱਤ ਦੇ ਮੂਡ ਵਿਚ ਬਾਹਰ ਆਉਂਦਾ ਹੈ। ਬਾਦਸਾਹਾਂ ਦੀ ਚਾਲ ਚਲਦਾ ਹੈ ਤੇ ਫੇਰ ਭੀੜ ਨੂੰ ਸੰਬੋਧਨ ਹੁੰਦਾ ਹੈ...)*

ਵਿਅਕਤੀ : ਹੱਥ ਜੋੜੋਗੇ, ਸ਼ਰਮ ਕਰੋਗੇ ਤਾਂ ਸਾਲਾਂ ਬੱਧੀ ਮੂੰਹ ਲਟਕਾਈ ਖੜੇ ਰਵੋਗੇ... ਅਰਜ਼ੀਆਂ ਟਾਈਪ ਕਰਵਾਓ, ਫਾਰਮ ਭਰੋ ਅਤੇ ਟੂਟੀ ਤੋਂ ਤੁੱਪਕਾ ਤੁੱਪਕਾ ਆਉਂਦਾ ਪਾਣੀ ਪੀਓ, ਆਪਣੇ ਤਰੇਹ ਬੁਝਾਓ, ਸਰਕਾਰ ਵਕਤ ਲੈ ਰਹੀ ਏ, ਨਹੀਂ ਤਾਂ ਕਪੜੇ ਲਾਹੋ, ਨੰਗੇ ਹੋਵੋ, ਬੇਹਯਾ ਬਣੋ, ਬੇਹਯਾਲੀ ਹਜ਼ਾਰ ਬਰਕਤ ਹੈ (ਉੱਚੀ ਉੱਚੀ ਹੱਸਦੇ ਹੋਏ) ਯਾਰੋ ਬੇਹਯਾਈ ਬਰਕੱਤ ਹੈ। ਬੇਹਯਾਈ ਨਿਆਮਤ ਹੈ... 1226/7 ਹੁਣ ਜੈਮਲ ਸਿੰਘ ਹੈ, ਪਰਮਾਤਮਾ ਦਾ ਕੁੱਤਾ... ਮੇਰੇ ਲੋਕੋ ਭੌਂਕੋ.. ਭੌਂਕੋ.. ਭੌਂਕਣ ਵਿਚ ਹੀ ਨਿਜਾਤ ਹੈ, ਇਨ੍ਹਾਂ ਕੁੱਤਿਆਂ ਨਾਲ ਕੁੱਤੇ ਬਣਕੇ ਟੱਕਰੋ।